ਵਲੋਂ ਡਾਕਟਰ ਪਾਂਡੀਆ
ਹੋਟਲ ਵੈਨਕੋਵਰ, ਵੈਨਕੋਵਰ, ਬੀ.ਸੀ.
25 ਸਤੰਬਰ 1946

ਮੇਰੇ ਪਿਆਰੇ ਦੋਸਤੋ ਤੇ ਦੇਸ਼ ਵਾਸੀਓ!

ਮੈਨੂੰ ਉਮੈਦ ਹੈ ਕਿ ਆਪ ਇਹ ਖਬਰ ਸੁਣਕੇ ਖੁਸ਼ ਹੋਵੋਗੇ ਕਿ ਗੁਰਦੁਆਰਾ ਵੈਨਕੋਵਰ ਦੇ ਵਿੱਚ ਜੋ ਝਗੜਾ ਦੋ ਧਿਰਾਂ ਦੇ ਵਿਚਕਾਰ ਵਧਿਆ ਹੋਇਆ ਸੀ ਉਹ ਹੁਣ ਧੀਰਜ ਤੇ ਸ਼ਾਂਤੀ ਦੇ ਨਾਲ ਨਜਿਠਿਆ ਗਿਆ ਹੈ।

ਮੈਨੂੰ ਇੱਥੇ ਔਂਦੇ ਸਾਰ ਹੀ ਪਤਾ ਲਗਣ ਪਰ ਕਿ ਸਾਡੀ ਕੌਮ ਦੇ ਵਿੱਚ ਫੁੱਟ ਤੇ ਫਤੂਰ ਪਿਆ ਹੋਇਆ ਹੈ ਅਤੀ ਹੀ ਦੁਖ ਹੋਇਆ। ਮੈਂ ਇਹ ਗੱਲ ਇਕ ਦਮ ਅਨਭਵ ਕੀਤੀ ਜੋ ਕਿ ਤੁਸਾਂ ਸਾਰਿਆਂ ਨੇ ਭੀ ਦੁਖ ਦੇ ਨਾਲ ਅਨਭਵ ਕੀਤੀ ਹੋਵੇਗੀ ਕਿ ਉਦੋਂ ਤਕ ਅਸੀਂ ਕਦਾ ਇੱਤ ਭੀ ਇਮੀਗਰੇਸ਼ਨ ਦੇ ਮਾਮਲੇ, ਗਵਰਨਮੈਂਟ ਕੈਨੇਡਾ ਤੋਂ ਕਾਮਯਾਬੀ ਦੇ ਨਾਲ ਹਲ ਨਹੀਂ ਕਰਵਾ ਸਕਦੇ ਜਦ ਤਕ ਕਿ ਸਾਡਾ ਸੰਤੋਖ ਨਾ ਹੋਵੇ ਤੇ ਅਸੀਂ ਇਹ ਸਾਬਤ ਨਾ ਕਰ ਸਕੀਏ ਕਿ ਅਸੀਂ ਤੇ ਸਾਡੀ ਇਥੇ ਦੇ ਸਾਰੀ ਹੀ ਦੇਸੀ, ਆਪਣੇ ਸਾਂਝੇ ਤੇ ਕੌਮੀ ਮਾਮਲਿਆਂ ਦੇ ਵਿੱਚ ਪੂਰੀ ਜ਼ੁਮੇਵਾਰੀ ਦੇ ਕਾਬਲ ਹੈ। ਇਹ ਗੱਲ ਮੁਖ ਰਖਦੇ ਹੋਏ ਮੈਂ ਵਿਕਟੋਰੀਆ ਤੇ ਵੈਨਕੋਵਰ ਵਿਚ, ਕੌਮ ਦੇ ਸ਼ੁਭਚਿੰਤਕ ਤੇ ਕੌਮੀ ਤਰੱਕੀ ਦੇ ਚਾਹਵਾਨ ਬਹੁਤ ਭਰਾਵਾਂ ਦੇ ਕਈ ਇੱਕਠ ਕੀਤੇ ਤੇ ਸਾਰਿਆਂ ਦੇ ਅੱਗੇ ਹਥ ਜੋੜਕੇ ਬੇਨਤੀਆਂ ਕੀਤੀਆਂ ਕਿ ਝਗੜਾ ਬਖੇੜਾ ਮੁਕੌਣ ਦੇ ਵਿੱਚ ਮੇਰੀ ਮਦਤ ਕਰੋ ਤਾਂ ਕਿ ਦੇਰ ਪੈ ਜਾਨ ਪਰ ਇਨਾਂ ਝਗੜਿਆਂ ਦੇ ਕਾਰਨ ਸਾਡੇ ਇੱਥੇ ਦੇ ਸਾਂਝੇ ਤੇ ਕੌਮੀ ਕੰਮਾਂ ਨੂੰ ਖਤਰਨਾਕ ਚੋਟ ਨਾ ਲੱਗ ਜਾਵੇ

ਕਈ ਵਾਰ ਇੱਕਠੇ ਹੋਣ ਤੋਂ ਬਾਦ, ਸਾਰਿਆਂ ਨਾਲੋਂ ਜ਼ਰੂਰੀ ਮੀਟਿੰਗ ਸੈਟਰਡੇ 14 ਸਤੰਬਰ ਨੂੰ ਮੇਰੇ ਹੋਟਲ ਦੇ ਕਮਰੇ ਦੇ ਵਿੱਚ ਹੋਈ ਜਿੱਥੇ ਕਿ ਨਾ ਸਿਰਫ ਉਹ ਭਾਈ ਹਾਜ਼ਰ ਸਨ ਜਿਨਾਂ ਦੇ ਵਿਚਕਾਰ ਝਗੜਾ ਵੱਧ ਚੁਕੇ ਸਨ ਪਰ ਹੇਠ ਲਿਖੇ ਹੋਰ ਭਾਈ ਭੀ ਹਾਜ਼ਰ ਸਨ

ਮਯਾ ਸਿੰਘ, ਕਪੂਰ ਸਿੰਘ, ਮੁਨਸ਼ੀ ਰਾਮ, ਮਿਤ ਸਿੰਘ
ਬਾਲਮੁਕੰਦ, ਕਰਤਾਰ ਸਿੰਘ, ਈਸ਼ਰ ਸਿੰਘ ਤੇ ਭਾਈ
ਨਾਰੰਜਨਦਾਸੀ ਜੀ ਜੋ ਕਿ ਨਾ ਸਿਰਫ ਗਵਰਨਮੈਂਟ ਬੀ ਬੀ
ਦੇ ਬੋਰਡ ਆਫ਼ ਸਾਇੰਸ ਪਰ ਪਰਮੇਸ਼ਰ ਪ੍ਰੇਮੀ ਸਿੰਘੀ ਸਿੱਖ ਹਨ।

ਝਗੜੇ ਦੇ ਵਿੱਚ ਰੁੱਝੀਆਂ ਦੋਹਾਂ ਧਿਰਾਂ ਦੇ ਹਾਜ਼ਰ ਸਜਣਾਂ ਨੇ ਲਿਖਤੀ ਸਰਬ ਸੰਮਤੀ ਦੇ ਨਾਲ, ਤੇ ਬਾਕੀ ਭਰਾਵਾਂ ਨੇ ਭੀ ਦਸਖਤਾਂ ਦੁਆਰਾ ਪੂਰਨ ਸੰਮਤੀ ਦੇ ਨਾਲ ਮੈਨੂੰ ਅਕੇਲੇ ਨੂੰ, ਸਾਰੇ ਝਗੜੇ ਮੁਕੌਣ ਲਈ ਮੁਣਸਿਫ (ਆਰਬੀਟਰੇਟਰ) ਮੰਨਿਆ ਗਿਆ। ਮੈਂ ਹਾਜ਼ਰ ਭਰਾਵਾਂ ਦੇ ਪਹਿਲਾਂ ਇਕੱਠਿਆਂ ਦੇ ਨਾਲ ਤੇ ਫੇਰ ਇੱਕ ਇੱਕ ਦੇ ਨਾਲ ਬਾਤਚੀਤ ਕੀਤੀ ਤੇ ਅੰਤ ਦੇ ਵਿੱਚ ਮੈਂ ਹੇਠ ਲਿਖਿਆ ਫੈਸਲਾ ਦਿੱਤਾ

(1) ਸਾਰੇ ਹੀ ਕਰਿਮਿਨਲ ਤੇ ਸਿਵਲ ਮੁਕਦਮੇ ਜੋ ਕਿ ਹੁਣ ਕੋਰਟਾਂ ਦੇ ਵਿੱਚ ਹਨ ਵਾਪਸ ਲਏ ਜਾਣ ਤੇ ਕਿਸੇ ਧਿਰ ਦਾ ਭੀ ਖਰਚਾ ਖਾਲਸਾ

ਦੀਵਾਨ ਸੁਸਾਇਟੀ ਦੇ ਸਿਰ ਨਾਂ ਪੈਣ ਦੇਣ ਬਲਕਿ ਆਪਣੇ ਖਰਚੇ ਆਪਣੇ ਕੋਲੋਂ ਦੇਣ।

(2) ਗੁਰਦੁਆਰਾ ਦੇਹਰਾਦੂਨ ਦਾ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਬੰਧ ਦਾ ਚਾਰਜ ਉਨ੍ਹਾਂ ਭਰਾਵਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਨੇ 13 ਜਨਵਰੀ 1946 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੇ ਜੋੜਮੇਲੇ ਤੇ ਸੁਸਾਇਟੀ ਦੀ ਸਾਲਾਨਾ ਕਾਨੂੰਨੀ ਹੋਣ ਦੇ ਦਿਹਾੜੇ 1946 ਦੀ ਚੁਣੀ ਕਮੇਟੀ ਦੇ ਮੈਂਬਰਾਨ ਦੀ ਹੈਸੀਅਤ ਦੇ ਵਿਚ ਖੜੇ ਹੋਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੇਵਾ ਦੇ ਪ੍ਰਣ ਕੀਤੇ ਸਨ। ਕਿਉਂਕਿ ਭਾਈ ਗੁਰਦਿੱਤ ਸਿੰਘ ਤੇ ਉਸ ਦੇ ਨਾਲ 6 ਹੋਰ ਭਰਾਵਾਂ ਨੇ ਉਸ ਦਿਹਾੜੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਖੜੇ ਹੋਕੇ ਸੇਵਾ ਦਾ ਪ੍ਰਣ ਕੀਤਾ ਸੀ ਇਸ ਲਈ ਉਹ 7 ਭਾਈ 1946 ਦੀ ਚੁਣੀ ਕਮੇਟੀ ਹਨ।

(3) 1941 ਤੋਂ 1945 ਤਕ ਦੇ ਖਾਲਸਾ ਦੀਵਾਨ ਸੁਸਾਇਟੀ ਦੇ ਹਸਾਬ ਦੀ ਪੜਤਾਲ ਦੇ ਬਾਰੇ, ਮੈਂ ਫੈਸਲਾ ਕੀਤਾ ਕਿ ਮੈਂ ਅਕੇਲਾ ਹੀ ਉਨ੍ਹਾਂ ਸਾਲਾਂ ਦੇ ਹਸਾਬ ਦੀ ਪੜਤਾਲ ਕਰਾਂਗਾ ਜਿਨ੍ਹਾਂ ਸਾਲਾਂ ਦੀਆਂ ਰਿਪੋਰਟਾਂ ਨਰਿੰਦਰ ਸਿੰਘ ਗਿੱਲ ਨੇ ਕੱਢੀਆਂ ਹਨ ਤੇ ਉਸ ਪੜਤਾਲ ਦੇ ਨਤੀਜੇ ਦੇ ਬਾਰੇ ਮੈਂ ਸੰਗਤਾਂ ਨੂੰ ਆਪ ਰਿਪੋਰਟ ਦਿਆਂਗਾ ਜੇ ਮੈਨੂੰ ਪਰਤੀਤ ਹੋਇਆ ਕਿ ਐਸਾ ਕਰਨ ਵਿਚ ਕੌਮ ਦਾ ਫੈਦਾ ਹੈ।

ਉਪਰਲੇ 3 ਫੈਸਲਿਆਂ ਤੋਂ ਬਿਨਾਂ ਮੈਂ ਸੁਸਾਇਟੀ ਦੇ ਨਵੇਂ ਨਿਯਮ ਆਦਿ ਭੀ ਘੜਾਂਗਾ ਤੇ ਉਨ੍ਹਾਂ ਤਬਦੀਲੀਆਂ ਦੀ ਸਿਫਾਰਸ਼ ਕਰਾਂਗਾ ਜਿਨ੍ਹਾਂ ਦੇ ਕੀਤਿਆਂ ਹੋਣ ਦੇ ਬਾਦ ਆ-ਮਦਨ ਤੇ ਖਰਚ ਦੀ ਪੜਤਾਲ ਦੇ ਬਾਰੇ ਤੇ ਖਰਚ ਕਰਨ ਦੇ ਅਖਤਿਆਰ ਤੇ ਅਧਿਕਾਰ ਦੇ ਬਾਰੇ ਅੱਗੇ ਨੂੰ ਸੁਸਾਇਟੀ ਦਾ ਕੰਮ ਆਸਾਨੀ ਦੇ ਨਾਲ ਤੇ ਸੁਖਾਲਾ ਚਲ ਸਕੇ।

- ਮੇਰੇ ਉਪਰਲੇ ਫੈਸਲੇ ਦੇ ਅਨੁਸਾਰ, ਅੱਜ ਮੁਕੱਦਮੇ ਖਤਮ ਹੋ ਗਏ ਹਨ ਤੇ ਗੁਰਦੁਆਰੇ ਦਾ -
- ਤੇ ਖਾਲਸਾ ਦੀਵਾਨ ਸੁਸਾਇਟੀ ਦਾ ਚਾਰਜ ਗੁਰਦੁਆਰੇ ਜਾਕੇ ਕਪੂਰ ਸਿੰਘ, ਮਘਾ ਸਿੰਘ -
- [illegible], ਨਰਿੰਦਰ ਸਿੰਘ ਗਿੱਲ, ਕਰਤਾਰ ਸਿੰਘ ਤੇ ਮੇਰੇ ਸਾਮ੍ਹਣੇ ਗੁਰਦਿੱਤ -
- ਸਿੰਘ ਤੇ ਉਸਦੇ ਸਾਥੀ ਕਮੇਟੀ ਮੈਂਬਰਾਂ ਨੂੰ ਦਿੱਤਾ ਗਿਆ ਹੈ =

ਮੈਜਿਸਟ੍ਰੇਟ ਦੂਨ ਦੇ ਫ਼ੌਜਦਾਰੀ ਕੋਰਟ ਦੇ ਵਿਚ ਮੁਕੱਦਮਾ ਚਲਣ ਦੀ ਮਨਜ਼ੂਰੀ ਦਿੰਦੇ
ਹੋਏ ਆਪਣੀ ਕੁਰਸੀ ਤੋਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਅੱਜ ਦਾ ਸਮਝੌਤਾ ਬੀ. ਸੀ.
ਦੇ ਸਿੱਖ ਜਮਾਤੀਆਂ ਦੇ ਵਿਚ ਸੰਤੋਖ ਤੇ ਭਰਾਪੁਣੇ ਦੀ ਨਵੀਂ ਲਹਿਰ ਸ਼ੁਰੂ ਕਰੇਗਾ। ਮੈ
ਜਿਸਟ੍ਰੇਟ ਦੂਨ ਦੇ ਵਾਂਗਰ ਮੈਂ ਭੀ ਇਹੋ ਹੀ ਆਸ ਭਰੀ ਚਾਹ ਪਰਗਟ ਕਰਦਾ ਹੋਇਆ
ਡੀ. ਸੀ. ਦੇ ਆਪਣੇ ਸਭ ਦੇਸ਼ ਵਾਸੀਆਂ ਦੇ ਅੱਗੇ ਅਪੀਲ ਕਰਦਾ ਹਾਂ ਕਿ ਉਹ ਫੇਰ
ਕਦੀ ਭੀ ਪਾਰਟੀਬਾਜ਼ੀ ਤੇ ਝਗੜਿਆਂ ਦਾ ਸ਼ਿਕਾਰ ਨਹੀਂ ਹੋਣਗੇ ਤੇ ਉਹ ਕੱਲਾ ਕੱਲਾ ਤੇ
ਇਕੱਠੇ ਹੋਕੇ ਕੋਈ ਐਸਾ ਕੰਮ ਨਹੀਂ ਕਰਨਗੇ ਜਿਸ ਦੇ ਨਾਲ ਉਨ੍ਹਾਂ ਦੀ ਕੌਮੀ
ਸ਼ਾਨ ਤੇ ਹੈਸੀਅਤ ਨੂੰ ਇਸ ਮੁਲਕ ਦੇ ਵਿਚ ਦਾਗ ਲੱਗੇ ਤੇ ਸਾਡੀ ਪਿਆਰੀ
ਭਾਰਤ ਭੂਮੀ ਦੇ ਪਵਿੱਤਰ ਨਾਮ ਨੂੰ ਸਾਡੇ ਕਰਕੇ ਧੱਬਾ ਲਗੇ।

ਦਾਸ
ਡਾਕਟਰ ਡੀ. ਪੀ. ਪਾਂਡੀਆ
D.P. Pandia